Punjabi – Number 51d
October 2024

# ਤਪਦਿਕ (ਟੀਬੀ) ਚਮੜੀ ਦਾ ਟੈਸਟ

## Tuberculosis (TB) skin test

### ਤਪਦਿਕ ਕੀ ਹੈ?

ਤਪਦਿਕ (ਟੀਬੀ) ਇੱਕ ਕੀਟਾਣੂ (ਬੈਕਟੀਰੀਆ) ਕਾਰਨ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਹੈ ਜੋ ਹਵਾ ਰਾਹੀਂ ਫੈਲਦੀ ਹੈ ਜਦੋਂ ਫੇਫੜਿਆਂ ਦੀ ਬਿਨਾਂ ਇਲਾਜ ਕੀਤੀ ਟੀਬੀ ਬਿਮਾਰੀ ਵਾਲਾ ਵਿਅਕਤੀ ਖੰਘਦਾ, ਛਿੱਕਦਾ, ਗਾਉਂਦਾ ਜਾਂ ਬੋਲਦਾ ਹੈ।

ਟੀਬੀ ਆਮਤੌਰ ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਸਰੀਰ ਦੇ ਦੂਸਰੇ ਹਿੱਸਿਆਂ ਜਿਵੇਂ ਕਿ ਗਲੈਂਡਾਂ, ਹੱਡੀਆਂ, ਜੋੜਾਂ, ਗੁਰਦਿਆਂ, ਦਿਮਾਗ, ਅਤੇ ਜਣਨ ਅੰਗਾਂ, ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਟੀਬੀ ਠੀਕ ਹੋ ਸਕਦੀ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ, ਟੀਬੀ ਨੂੰ ਰੋਕਣ ਜਾਂ ਠੀਕ ਕਰਨ ਲਈ ਦਵਾਈਆਂ ਪ੍ਰੋਵਿੰਸ਼ੀਅਲ ਟੀਬੀ ਸੇਵਾਵਾਂ ਅਤੇ ਜਨਤਕ ਸਿਹਤ ਯੂਨਿਟਾਂ ਦੁਆਰਾ ਮੁਫ਼ਤ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ, HealthLinkBC File #51a ਤਪਦਿਕ (ਟੀਬੀ) 'ਤੇ ਜਾਓ।

### ਟੀਬੀ ਚਮੜੀ ਦਾ ਟੈਸਟ ਕੀ ਹੈ?

ਤੁਸੀਂ ਟੀਬੀ ਦੀ ਲਾਗ ਦੀ ਜਾਂਚ ਕਰਨ ਲਈ ਟੀਬੀ ਚਮੜੀ ਦੇ ਟੈਸਟ (TST) ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਇਹ ਦੇਖਣ ਲਈ ਇੱਕ TST ਕਰ ਸਕਦੇ ਹੋ ਕਿ ਕੀ ਤੁਸੀਂ ਕਦੇ ਟੀਬੀ ਦੇ ਸੰਪਰਕ ਵਿੱਚ ਆਏ ਹੋ। ਇਹ ਟੈਸਟ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸਦਾ ਹੈ ਜੇਕਰ ਤੁਹਾਡੇ ਸਰੀਰ ਨੇ ਟੀਬੀ ਬੈਕਟੀਰੀਆ ਪਹਿਲਾਂ "ਦੇਖਿਆ" ਹੈ। ਇਕੱਲਾ ਇਹ ਟੈਸਟ ਇਹ ਨਹੀਂ ਦੱਸ ਸਕਦਾ ਕਿ ਕੀ ਬੈਕਟੀਰੀਆ ਸੋਏ ਹਨ ਜਾਂ ਜਾਗ ਰਹੇ ਹਨ।

ਇੱਕ TST ਤੁਹਾਨੂੰ ਇਹ ਨਹੀਂ ਦੱਸਦਾ ਹੈ ਕਿ ਕੀ ਤੁਹਾਨੂੰ ਟੀਬੀ ਬਿਮਾਰੀ ਹੈ। ਜੇਕਰ ਤੁਹਾਨੂੰ ਟੀਬੀ ਬਿਮਾਰੀ ਦੇ ਲੱਛਣ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ। ਫੇਫੜਿਆਂ ਵਿੱਚ ਟੀ.ਬੀ ਦੀ ਬਿਮਾਰੀ ਦੇ ਲੱਛਣਾਂ ਵਿੱਚ 2 ਤੋਂ 3 ਹਫ਼ਤੇ ਜਾਂ ਇਸ ਤੋਂ ਵੱਧ ਸਮੇਂ ਤੱਕ ਖੰਘ, ਖੂਨੀ ਥੁੱਕ, ਬੁਖਾਰ, ਰਾਤ ਨੂੰ ਪਸੀਨਾ ਆਉਣਾ, ਭੁੱਖ ਨਾ ਲੱਗਣਾ, ਅਣਜਾਣ ਕਾਰਨ ਕਰਕੇ ਭਾਰ ਘਟਣਾ, ਥਕਾਵਟ, ਛਾਤੀ ਵਿੱਚ ਦਰਦ ਅਤੇ ਸਾਹ ਚੜ੍ਹਨਾ ਸ਼ਾਮਲ ਹਨ।

### ਟੀਬੀ ਚਮੜੀ ਦਾ ਟੈਸਟ ਕਿਸਨੂੰ ਕਰਵਾਉਣਾ ਚਾਹੀਦਾ ਹੈ?

ਤੁਹਾਨੂੰ ਕੰਮ, ਸਕੂਲ ਜਾਂ ਵਲੰਟੀਅਰਿੰਗ ਲਈ ਸਕ੍ਰੀਨਿੰਗ ਸਮੇਤ ਕਈ ਕਾਰਨਾਂ ਕਰਕੇ TST ਦੀ ਲੋੜ ਹੋ ਸਕਦੀ ਹੈ। ਤੁਹਾਨੂੰ TST ਦੀ ਤਾਂ ਵੀ ਲੋੜ ਹੋ ਸਕਦੀ ਹੈ ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਸੀ ਜਿਸ ਦੀ ਫੇਫੜਿਆਂ ਦੀ ਟੀਬੀ ਬਿਮਾਰੀ ਦਾ ਇਲਾਜ ਨਹੀਂ ਕੀਤਾ ਗਿਆ ਸੀ, ਜਾਂ ਤੁਹਾਡੀਆਂ ਕੁਝ ਸਿਹਤ ਸਥਿਤੀਆਂ ਜਾਂ ਦਵਾਈਆਂ ਹਨ ਜੋ ਤੁਹਾਡੀ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦੀਆਂ ਹਨ।

ਟੀਬੀ ਦੀ ਲਾਗ ਉਦੋਂ ਹੁੰਦੀ ਹੈ ਜਦੋਂ ਟੀਬੀ ਦੇ ਕੀਟਾਣੂ ਤੁਹਾਡੇ ਸਰੀਰ ਵਿੱਚ ਸੁੱਤੇ ਹੋਏ (ਸੁਸਤ) ਹੁੰਦੇ ਹਨ। ਜੇਕਰ ਤੁਹਾਨੂੰ ਟੀਬੀ ਦੀ ਲਾਗ ਹੈ, ਤਾਂ ਤੁਸੀਂ ਬਿਮਾਰੀ ਨੂੰ ਰੋਕਣ ਦੇ ਸਭ ਤੋਂ ਵਧੀਆ ਤਰੀਕਿਆਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰ ਸਕਦੇ ਹੋ। ਟੀਬੀ ਦਾ ਕੀਟਾਣੂ ਤੁਹਾਡੀ ਸਾਰੀ ਉਮਰ ਤੁਹਾਡੇ ਸਰੀਰ ਵਿੱਚ ਸੁੱਤਾ ਰਹਿ ਸਕਦਾ ਹੈ ਜਾਂ ਇਹ ਜਾਗ ਸਕਦਾ ਹੈ, ਗੁਣਾ (ਵਧਣਾ) ਹੋਣਾ ਸ਼ੁਰੂ ਕਰ ਸਕਦਾ ਹੈ ਅਤੇ ਤੁਹਾਨੂੰ ਰੋਗ ਨਾਲ ਬਿਮਾਰ ਕਰ ਸਕਦਾ ਹੈ। ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ ਕਿ ਜੇ ਇਹ ਹੋਵੇਗਾ ਜਾਂ ਕਦੋਂ ਹੋਵੇਗਾ। ਅਜਿਹਾ ਹੋਣ ਦੀ ਸੰਭਾਵਨਾ ਉਦੋਂ ਵੱਧ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ। ਇਹ ਇਸ ਲਈ ਹੈ ਕਿਉਂਕਿ ਇਮਿਊਨ ਸਿਸਟਮ ਟੀਬੀ ਦੇ ਕੀਟਾਣੂਆਂ ਨੂੰ ਨੀਂਦ ਦੀ ਸਥਿਤੀ ਵਿੱਚ ਰੱਖਦਾ ਹੈ ਅਤੇ ਉਹਨਾਂ ਨੂੰ ਗੁਣਾ ਹੋਣ ਤੋਂ ਰੋਕਦਾ ਹੈ।

### ਟੀਬੀ ਚਮੜੀ ਦਾ ਟੈਸਟ ਕਿਵੇਂ ਕੀਤਾ ਜਾਂਦਾ ਹੈ?

TST ਦੋ ਭਾਗਾਂ ਵਾਲਾ ਟੈਸਟ ਹੁੰਦਾ ਹੈ।

**ਪਹਿਲੀ ਅਪੌਇੰਟਮੈਂਟ**

ਇੱਕ ਹੈਲਥਕੇਅਰ ਪ੍ਰੈਕਟੀਸ਼ਨਰ ਤੁਹਾਡੀ ਬਾਂਹ ਉੱਤੇ ਚਮੜੀ ਦੀ ਉਪਰਲੀ ਪਰਤ ਦੇ ਹੇਠਾਂ ਟਿਊਬਰਸੋਲ (Tubersol®) ਨਾਮਕ ਇੱਕ ਟੈਸਟ ਪਦਾਰਥ ਦੀ ਛੋਟੀ ਜਿਹੀ ਮਾਤਰਾ ਨੂੰ ਟੀਕੇ ਰਾਹੀਂ ਅੰਦਰ ਪਾਉਂਦਾ ਹੈ।

**ਦੂਜੀ ਅਪੌਇੰਟਮੈਂਟ**

ਹੈਲਥ ਕੇਅਰ ਪ੍ਰੈਕਟੀਸ਼ਨਰ ਦੁਆਰਾ ਆਪਣਾ ਟੈਸਟ ਪੜ੍ਹੇ ਜਾਣ ਲਈ 48 ਤੋਂ 72 ਘੰਟਿਆਂ ਬਾਅਦ ਤੁਹਾਨੂੰ ਕਲੀਨਿਕ ਵਿੱਚ ਵਾਪਸ ਜਾਣਾ ਚਾਹੀਦਾ ਹੈ। ਟੀਬੀ ਦੀ ਲਾਗ ਵਾਲੇ ਲੋਕ ਆਮ ਤੌਰ 'ਤੇ ਟਿਊਬਰਸੋਲ (Tubersol®) ਟੀਕਾ ਲਗਾਉਣ ਵਾਲੀ ਥਾਂ 'ਤੇ ਉੱਚੀ, ਮਜ਼ਬੂਤ ਪ੍ਰਤੀਕ੍ਰਿਆ ਨਾਲ ਪ੍ਰਤੀਕ੍ਰਿਆ ਕਰਦੇ ਹਨ।

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸ ਖੇਤਰ ਦੀ ਜਾਂਚ ਕਰੇਗਾ ਜਿੱਥੇ ਪ੍ਰਤੀਕ੍ਰਿਆ ਲਈ ਚਮੜੀ ਦਾ ਟੈਸਟ ਦਿੱਤਾ ਗਿਆ ਸੀ। ਉਹ ਇੰਡਿਊਰੇਸ਼ਨ (ਚਮੜੀ ਦੇ ਹੇਠਾਂ ਸੋਜ) ਨੂੰ ਮਾਪਣਗੇ ਅਤੇ ਤੁਹਾਨੂੰ ਤੁਹਾਡੇ ਟੈਸਟ ਦੇ ਨਤੀਜੇ ਦੱਸਣਗੇ।

## ਟੀਬੀ ਚਮੜੀ ਦੇ ਟੈਸਟ ਦੇ ਨਤੀਜਿਆਂ ਦਾ ਕੀ ਅਰਥ ਹੈ?

- ਇੱਕ ਨੈਗੇਟਿਵ TST ਦਾ ਆਮ ਤੌਰ 'ਤੇ ਮਤਲਬ ਹੈ ਕਿ ਤੁਹਾਡੇ ਸਰੀਰ ਵਿੱਚ ਟੀਬੀ ਦੇ ਕੀਟਾਣੂ ਨਹੀਂ ਹਨ। ਜ਼ਿਆਦਾਤਰ ਲੋਕਾਂ ਨੂੰ ਹੋਰ ਜਾਂਚਾਂ ਦੀ ਲੋੜ ਨਹੀਂ ਹੁੰਦੀ
- ਇੱਕ ਪੌਜ਼ਿਟਿਵ TST ਦਾ ਮਤਲਬ ਹੈ ਕਿ ਤੁਹਾਡੇ ਸਰੀਰ ਵਿੱਚ ਟੀਬੀ ਦੇ ਕੀਟਾਣੂ ਹੋ ਸਕਦੇ ਹਨ
  - ਇੱਕ ਪੌਜ਼ਿਟਿਵ TST ਦੇ ਨਤੀਜੇ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਸਕੂਲ, ਕੰਮ 'ਤੇ ਜਾਂ ਵਲੰਟੀਅਰ ਕਰਨ ਨਹੀਂ ਜਾ ਸਕਦੇ, ਪਰ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਹੋਰ ਟੈਸਟਾਂ ਦੀ ਲੋੜ ਹੋ ਸਕਦੀ ਹੈ ਕਿ ਤੁਹਾਨੂੰ ਟੀਬੀ ਦੀ ਬਿਮਾਰੀ ਨਹੀਂ ਹੈ
  - ਇੱਕ ਪੌਜ਼ਿਟਿਵ TST ਦਾ ਮਤਲਬ ਹੈ ਕਿ ਤੁਹਾਨੂੰ ਭਵਿੱਖ ਵਿੱਚ ਇੱਕ ਹੋਰ TST ਕਰਵਾਉਣ ਦੀ ਲੋੜ ਨਹੀਂ ਹੈ। ਸਬੂਤ ਵਜੋਂ ਆਪਣੇ ਪੌਜ਼ਿਟਿਵ TST ਨਤੀਜਿਆਂ ਦਾ ਰਿਕਾਰਡ ਰੱਖੋ

TST ਦੇ ਨਤੀਜੇ, ਤੁਹਾਡੀ ਜਾਂਚ ਦਾ ਕਾਰਨ ਅਤੇ ਤੁਹਾਡੀ ਆਮ ਸਿਹਤ ਦਾ ਮਤਲਬ ਹੋਰ ਟੀਬੀ ਟੈਸਟ ਹੋ ਸਕਦਾ ਹੈ, ਜਿਵੇਂ ਕਿ ਟੀਬੀ ਖ਼ੂਨ ਦੀ ਜਾਂਚ, ਛਾਤੀ ਦਾ ਐਕਸ-ਰੇ ਜਾਂ ਬਲਗਮ ਦੇ ਨਮੂਨੇ।

ਛਾਤੀ ਦਾ ਐਕਸ-ਰੇ ਤੁਹਾਡੇ ਫੇਫੜਿਆਂ ਦੀ ਤਸਵੀਰ ਹੁੰਦੀ ਹੈ ਜਿਸ ਦੀ ਪੜਤਾਲ ਤੁਹਾਡਾ ਡਾਕਟਰ ਇਹ ਦੇਖਣ ਲਈ ਕਰਦਾ ਹੈ ਜੇ ਟੀਬੀ ਦੇ ਬੈਕਟੀਰੀਆ ਤੁਹਾਡੇ ਫੇਫੜਿਆਂ ਵਿੱਚ ਵੱਧ ਰਹੇ ਹਨ।

ਸਪੁਟਮ (ਤੁਹਾਡੇ ਫੇਫੜਿਆਂ ਦੀ ਡੂੰਘਾਈ ਵਿਚੋਂ ਲੇਸਦਾਰ ਪਦਾਰਥ ਜਾਂ ਬਲਗਮ ਜੋ ਖੰਘ ਤੋਂ ਪੈਦਾ ਹੁੰਦੀ ਹੈ) ਨੂੰ ਇੱਕ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਂਦਾ ਹੈ ਅਤੇ ਇਹ ਦੇਖਣ ਲਈ ਜਾਂਚ ਕੀਤੀ ਜਾਂਦੀ ਹੈ ਕਿ ਕੀ ਉਸ ਵਿੱਚ ਟੀਬੀ ਦੇ ਬੈਕਟੀਰੀਆ ਮੌਜੂਦ ਹਨ। ਹੋਰ ਜਾਣਕਾਰੀ ਲਈ, HealthLinkBC File #51b ਤਪਦਿਕ (ਟੀਬੀ) ਜਾਂਚ ਲਈ ਬਲਗਮ ਇਕੱਠੀ ਕਰਨਾv ਦੇਖੋ।

## ਟੀਬੀ ਚਮੜੀ ਦੇ ਟੈਸਟ ਤੋਂ ਬਾਅਦ ਸੰਭਾਵਿਤ ਪ੍ਰਤੀਕ੍ਰਿਆਵਾਂ ਕੀ ਹਨ?

ਤੁਸੀਂ ਚਮੜੀ ਦੀ ਜਾਂਚ ਵਾਲੀ ਥਾਂ 'ਤੇ ਕੁਝ ਲਾਲੀ ਦੀ ਉਮੀਦ ਕਰ ਸਕਦੇ ਹੋ। ਉਸ ਥਾਂ 'ਤੇ ਖਾਰਸ਼ ਹੋ ਸਕਦੀ ਹੈ, ਪਰ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਨੂੰ ਖੁਰਚੋ ਨਾ, ਕਿਉਂਕਿ ਇਸ ਨਾਲ ਲਾਲੀ ਜਾਂ ਸੋਜ ਹੋ ਸਕਦੀ ਹੈ ਜੋ ਚਮੜੀ ਦੀ ਜਾਂਚ ਨੂੰ ਦੇਖਣਾ ਔਖਾ ਬਣਾ ਸਕਦੀ ਹੈ। ਜੇਕਰ ਖੁਜਲੀ ਦੀ ਸਮੱਸਿਆ ਹੈ, ਤਾਂ ਉਸ ਥਾਂ 'ਤੇ ਠੰਡਾ, ਗਿੱਲਾ ਚਿਹਰੇ ਦਾ ਕਪੜਾ ਪਾਓ। ਉਸ ਥਾਂ ਨੂੰ ਪੱਟੀ ਨਾਲ ਨਾ ਢੱਕੋ।

ਇੱਕ ਮਜ਼ਬੂਤ ਪ੍ਰਤੀਕਰਮ ਹਲਕੇ ਦਰਦ ਜਾਂ ਲਾਲੀ ਦਾ ਕਾਰਨ ਬਣ ਸਕਦਾ ਹੈ ਜੋ ਕਈ ਹਫ਼ਤਿਆਂ ਤੱਕ ਰਹਿ ਸਕਦਾ ਹੈ। ਜੇਕਰ ਤੁਹਾਨੂੰ ਬੁਖਾਰ ਹੈ, ਤੁਹਾਡੀ ਬਾਂਹ ਵਿੱਚ ਸੋਜ ਹੈ ਜਾਂ ਤੁਹਾਡੀ ਕੱਛ ਵਿੱਚ ਲਿੰਫ ਨੋਡਜ਼ ਸੁੱਜੀਆਂ ਹੋਈਆਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਆਪਣੀ TST ਪ੍ਰਾਪਤ ਕਰਨ ਤੋਂ ਬਾਅਦ 15 ਮਿੰਟ ਲਈ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ ਕਿਉਂਕਿ ਐਨਾਫ਼ਿਲੈਕਸਿਸ ਨਾਮਕ ਜਾਨਲੇਵਾ ਐਲਰਜੀ ਪ੍ਰਤੀਕ੍ਰਿਆ ਦੀ ਇੱਕ ਬਹੁਤ ਹੀ ਦੁਰਲੱਭ ਸੰਭਾਵਨਾ ਹੈ, ਇੱਕ ਮਿਲੀਅਨ ਵਿੱਚੋਂ 1 ਤੋਂ ਘੱਟ। ਟਿਊਬਰਸੋਲ (Tubersol®) ਦੇ ਨਾਲ ਇੱਕ TST ਤੋਂ ਬਾਅਦ ਐਨਾਫ਼ਿਲੈਕਸਿਸ ਬਹੁਤ ਘੱਟ ਹੀ ਰਿਪੋਰਟ ਕੀਤੀ ਗਈ ਹੈ। ਇਹ ਪ੍ਰਤੀਕਰਮ TST ਦੇ ਇਤਿਹਾਸ ਤੋਂ ਬਿਨਾਂ ਲੋਕਾਂ ਵਿੱਚ ਹੋ ਸਕਦੇ ਹਨ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲ੍ਹਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਕਿਸ ਨੂੰ ਟੀਬੀ ਚਮੜੀ ਦਾ ਟੈਸਟ ਨਹੀਂ ਕਰਵਾਉਣਾ ਚਾਹੀਦਾ ਹੈ?

ਉਹ ਲੋਕ ਜਿੰਨ੍ਹਾਂ:

- ਨੂੰ ਪਹਿਲਾਂ ਐਲਰਜਿਕ ਪ੍ਰਤੀਕ੍ਰਿਆ ਜਾਂ TST ਪ੍ਰਤੀ ਗੰਭੀਰ ਪ੍ਰਤੀਕ੍ਰਿਆ (ਜਿਵੇਂ ਕਿ ਛਾਲੇ ਹੋਣਾ) ਜਾਂ ਟਿਊਬਰਸੋਲ (Tubersol®) ਦੇ ਭਾਗਾਂ ਤੋਂ ਕੋਈ ਐਲਰਜੀ ਹੈ
- ਕੋਲ ਪਿਛਲੇ ਪੌਜ਼ਿਟਿਵ TST ਨਤੀਜੇ ਦੇ ਦਸਤਾਵੇਜ਼ ਹਨ
- ਕੋਲ ਪਿਛਲਾ ਇੰਟਰਫੇਰੋਨ ਗਾਮਾ ਰੀਲੀਜ਼ ਅਸੇ (Interferon Gamma Release Assay (IGRAs)) ਰਿਐਕਟਿਵ (ਟੀਬੀ ਦਾ ਖ਼ੂਨ ਦਾ ਟੈਸਟ) ਹੈ
- ਨੂੰ ਪਿਛਲੀ ਟੀਬੀ ਬਿਮਾਰੀ ਜਾਂ ਟੀਬੀ ਲਾਗ ਹੈ

ਜੇਕਰ ਤੁਸੀਂ TST ਨਹੀਂ ਕਰਵਾ ਸਕਦੇ ਹੋ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਤੁਹਾਡੀ ਸਿਹਤ ਬਾਰੇ ਸਵਾਲ ਪੁੱਛੇਗਾ ਅਤੇ ਫੈਸਲਾ ਕਰੇਗਾ ਕਿ ਕੀ ਤੁਹਾਨੂੰ ਇਸ ਦੀ ਬਜਾਏ ਹੋਰ TB ਟੈਸਟਾਂ ਦੀ ਲੋੜ ਹੈ।

## ਮੈਂ ਟੀਬੀ ਸਕਿਨ ਟੈਸਟ ਕਿੱਥੋਂ ਕਰਵਾ ਸਕਦਾ/ਦੀ ਹਾਂ?

TST ਕਰਵਾਉਣ ਦੇ ਤੁਹਾਡੇ ਕਾਰਨ ਦੇ ਆਧਾਰ 'ਤੇ, ਤੁਸੀਂ ਇਹ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ ਜਾਂ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ ਜੇਕਰ ਇਹ ਸਕੂਲ, ਕੰਮ ਜਾਂ ਵਲੰਟੀਅਰਿੰਗ ਲਈ ਹੈ। ਸੇਵਾ ਸਥਾਨ ਪੂਰੇ ਸੂਬੇ ਵਿੱਚ ਵੱਖੋ-ਵੱਖਰੇ ਹੁੰਦੇ ਹਨ। TSTs ਤੁਹਾਡੀ ਪਬਲਿਕ ਹੈਲਥ ਯੂਨਿਟ, ਟਰੈਵਲ ਹੈਲਥ ਕਲੀਨਿਕ, ਫਾਰਮੇਸੀ ਜਾਂ ਡਾਕਟਰ ਦੇ ਦਫ਼ਤਰ ਵਿੱਚ ਉਪਲਬਧ ਹੋ ਸਕਦੇ ਹਨ।

ਇਹ ਪਤਾ ਲਗਾਉਣ ਲਈ ਆਪਣੀ ਸਥਾਨਕ ਸਿਹਤ ਯੂਨਿਟ ਨਾਲ ਸੰਪਰਕ ਕਰੋ ਕਿ ਤੁਸੀਂ ਆਪਣੇ ਖੇਤਰ ਵਿੱਚ TST ਕਿੱਥੋਂ ਪ੍ਰਾਪਤ ਕਰ ਸਕਦੇ ਹੋ। ਆਪਣੀ ਸਥਾਨਕ ਸਿਹਤ ਯੂਨਿਟ ਦੀ ਸੰਪਰਕ ਜਾਣਕਾਰੀ ਲੱਭਣ ਲਈ HealthLink BC Find health services 'ਤੇ ਜਾਓ।

## ਹੋਰ ਜਾਣਕਾਰੀ ਲਈ

ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀਸੀਸੀਡੀਸੀ) ਟੀਬੀ ਕਲੀਨਿਕਾਂ ਬਾਰੇ ਜਾਣਕਾਰੀ ਸਮੇਤ ਹੋਰ ਜਾਣਕਾਰੀ ਲਈ, www.bccdc.ca/health-info/diseases-conditions/tuberculosis 'ਤੇ ਜਾਓ।

BC Centre for Disease Control
Provincial Health Services Authority

ਹੋਰ ਹੈਲਥਲਿੰਕਬੀਸੀ ਫਾਈਲ ਵਿਸ਼ਿਆਂ ਵਾਸਤੇ www.HealthLinkBC.ca/more/resources/healthlink-bc-files ਤੇ ਜਾਂ ਆਪਣੇ ਸਥਾਨਕ ਸਿਹਤ ਯੂਨਿਟ ਕੋਲ ਜਾਓ। ਬੀ.ਸੀ. ਵਿੱਚ ਗੈਰ-ਐਮਰਜੈਂਸੀ ਸਿਹਤ ਜਾਣਕਾਰੀ ਅਤੇ ਸਲਾਹ ਦੇ ਲਈ www.HealthLinkBC.ca ਤੇ ਜਾਓ ਜਾਂ **8-1-1** (ਟੋਲ-ਫ੍ਰੀ) ਤੇ ਫੋਨ ਕਰੋ। ਬੋਲੇ ਅਤੇ ਉੱਚਾ ਸੁਣਨ ਵਾਲਿਆਂ ਲਈ, **7-1-1** ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।